18-2-96

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

**'ਆਰਸੀ' ਦਾ ਫਰਵਰੀ ਅੰਕ :** ਸਾਹਿਤਕ ਮੈਗਜ਼ੀਨ ਕਿਸੇ ਜ਼ਬਾਨ ਦੇ ਸਾਹਿਤ ਦੀ ਤਰੱਕੀ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੇ ਹਨ। ਪੰਜਾਬ ਦੇ ਮਾਸਕ ਅਤੇ ਤ੍ਰੈਮਾਸਕ ਪੱਤਰ ਆਪਣੇ ਸੀਮਤ ਸਾਧਨ ਹੁੰਦੇ ਹੋਏ ਵੀ ਇਹ ਭੂਮਿਕਾ ਨਿਭਾ ਰਹੇ ਹਨ। ਵੰਨ-ਸੁਵੰਨਾ ਸਾਹਿਤ ਇਨ੍ਹਾਂ ਵਿਚ ਪੜ੍ਹਨ ਨੂੰ ਮਿਲਦਾ ਹੈ ਤੇ ਤ੍ਰਿਪਤੀ ਹੁੰਦੀ ਹੈ। ਇਸ ਸੰਦਰਭ ਵਿਚ 'ਆਰਸੀ' ਦਾ ਸਾਰੇ ਦਾ ਸਾਰਾ ਫਰਵਰੀ ਅੰਕ ਕੁਝ ਬਹੁਤ ਚੰਗੀਆਂ ਲਿਖਤਾਂ ਕਰਕੇ ਖਾਸ ਜ਼ਿਕਰ ਦਾ ਹੱਕਦਾਰ ਹੈ।

ਅਜੀਤ ਕੌਰ ਔਰਤ ਦੇ ਦੁੱਖ ਬਾਰੇ ਹਮੇਸ਼ਾ ਸ਼ਿੱਦਤ ਨਾਲ ਲਿਖਦੀ ਹੈ। ਉਹਦੀ ਲੜੀਵਾਰ ਆਤਮਾ ਕਥਾ 'ਕੂੜਾ ਕਬਾੜਾ' ਦੀ ਪੰਜਵੀ ਕਿਸ਼ਤ ਇਸ ਮਹੀਨੇ ਪੜ੍ਹਨ ਨੂੰ ਮਿਲੀ ਹੈ। ਇਹ ਉਸ ਵੇਲੇ ਦਾ ਬਿਰਤਾਂਤ ਹੈ ਜਦੋਂ ਇਕ ਕੁੜੀ ਵਿਆਹ ਦੇ ਬਾਅਦ ਨਵੇਂ ਘਰ ਵਿਚ ਪ੍ਰਵੇਸ਼ ਕਰਦੀ ਹੈ। ਉਹ ਆਪਣੇ ਪਹਿਲੇ ਰਿਸ਼ਤਿਆਂ ਤੋਂ ਟੁੱਟ ਚੁੱਕੀ ਹੈ। ਨਵੇਂ ਹਾਲਾਤ ਉਹਦੇ ਸੁਪਨਿਆਂ ਦੇ ਮੇਚ ਦੇ ਨਹੀਂ। ਆਪਣੀਆਂ ਉਨ੍ਹਾਂ ਯਾਦਾਂ ਨੂੰ 40-45 ਸਾਲਾਂ ਦੇ ਬਾਅਦ ਜਿਨ੍ਹਾਂ ਟਿੱਪਣੀਆਂ ਨਾਲ ਅਜੀਤ ਕੌਰ ਨੇ ਕਲਮਬੰਦ ਕੀਤਾ ਹੈ, ਉਹ ਤੁਹਾਨੂੰ ਝੰਜੋੜਦੀਆਂ ਹਨ। ਬਹੁਤ ਸਾਲ ਪਹਿਲਾਂ ਗੁਰਦਿਆਲ ਸਿੰਘ ਦੀ ਇਕ ਕਹਾਣੀ 'ਉਪਰਾ ਘਰ' ਪੜ੍ਹਨ ਦਾ ਮੌਕਾ ਮਿਲਿਆ ਸੀ। ਔਰਤ ਦੀ ਤ੍ਰਾਸਦੀ ਬਾਰੇ ਇਕ ਸ਼ਾਹਕਾਰ ਕਹਾਣੀ ਸੀ। ਪਰ ਅਜੀਤ ਕੌਰ ਦੀ 'ਕੂੜਾ ਕਬਾੜਾ' ਦੀ ਪੰਜਵੀਂ ਕਿਸ਼ਤ ਵੀ ਬੁਲੰਦੀਆਂ ਛੂੰਹਦੀ ਰਚਨਾ ਹੈ। ਇਸੇ ਅੰਕ ਵਿਚ ਜਸਵੰਤ ਸਿੰਘ ਵਿਰਦੀ ਦੀ ਕਹਾਣੀ 'ਮੇਰਾ ਕਸੂਰ' ਇਕ ਐਸੀ ਪ੍ਰਤੀਕਾਤਮਕ ਕਹਾਣੀ ਹੈ ਜੋ ਜ਼ਾਲਮਾਂ ਦੇ ਹੱਥੋਂ ਬੇਦੋਸ਼ਿਆਂ ਦੇ ਕਤਲ ਨੂੰ ਤਮਾਸ਼ਾ ਸਮਝਣ ਵਾਲਿਆਂ ਵੀ ਗੈਰ-ਸੰਵੇਦਨਾ ਵਾਲੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਨਿੱਜੀ ਕਹਾਣੀ ਦੀ ਵਿਧਾ ਵਿਚ ਇਹ ਇਕ ਕਮਾਲ ਦੀ ਕਹਾਣੀ ਹੈ। ਐਮ.ਐਸ. ਸੇਠੀ ਦੀ ਕਹਾਣੀ 'ਬੰਦ ਘੜੀ' ਮਨੁੱਖੀ ਮਨ ਦਾ ਡੂੰਘਾ ਅਧਿਐਨ ਪ੍ਰਦਾਨ ਕਰਦੀ ਹੈ। ਇਹ ਕਹਾਣੀ ਆਪਣੇ ਆਪ ਵਿਚ ਇਕ ਵੱਡੀ ਸਾਹਿਤਕ ਪ੍ਰਾਪਤੀ ਹੈ। ਪਰ ਇਸ ਅੰਕ ਦੀ ਹਾਸਿਲ ਪ੍ਰਾਪਤੀ ਸੁਖਬੀਰ ਦਾ ਲਿਖਿਆ ਲੇਖਕ ਦੀ ਜਾਤ' ਵਾਲਾ ਲੇਖ ਹੈ। ਪੰਜਾਬੀ ਸਾਹਿਤ ਵਿਚ ਲੇਖਕ ਦੀ ਜਾਤ ਬਾਰੇ ਇਕ ਫਜ਼ੂਲ ਜਿਹੀ ਚਰਚਾ ਛਿੜੀ ਹੋਈ ਹੈ। ਸੁਖਬੀਰ ਨੇ ਬਹੁਤ ਜ਼ੋਰ ਦੇ ਕੇ ਇਹ ਗੱਲ ਸਿੱਧ ਕੀਤੀ ਹੈ ਕਿ ਚੰਗਾ ਲੇਖਕ ਜਾਤ ਤੋਂ ਨਹੀਂ ਪਛਾਣਿਆ ਜਾਂਦਾ। ਜਾਤਾਂ ਦਾ ਸ਼ਾਵਨਵਾਦ ਇਕ ਗੈਰ ਸਾਹਿਤਕ ਰੁਚੀ ਹੈ ਜੋ ਗੁੱਟਬੰਦੀ ਅਤੇ ਚਮਚਾਗਿਰੀ ਨੂੰ ਜਨਮ ਦਿੰਦੀ ਹੈ। ਜਾਤਾਂ ਨਾਲ ਜੁੜੀ ਹੋਈ ਲੇਖਕਾਂ ਦੀ ਪਛਾਣ ਖਤਮ ਹੋਣੀ ਚਾਹੀਦੀ ਹੈ। ਇਹ ਲੇਖ ਇਕ ਰਾਹ ਦਰਸਾਊ ਮਹੱਤਵਪੂਰਨ ਲਿਖਤ ਹੈ। ਆਰਸੀ ਦੇ ਸੰਪਾਦਕ ਇਸ ਅੰਕ ਲਈ ਵਧਾਈ ਦੇ ਪਾਤਰ ਹਨ।

**ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੰਜ ਰੋਜ਼ਾ ਨਾਟਕ ਮੇਲਾ :** ਨਾਇਜੀਰੀਆ ਦੇ ਲੇਖਕ, ਰੰਗਕਰਮੀ ਅਤੇ ਸਮਾਜ ਚੇਤਨ ਸ਼ਹੀਦ ਕੈਨਸਾਰੋ ਵਿਵਾ ਨੂੰ ਸਮਰਪਿਤ ਮੰਚ ਰੰਗ ਮੰਚ ਅੰਮ੍ਰਿਤਸਰ ਵਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਥੱਲੇ ਪੰਜ ਨਾਟਕਾਂ- 'ਕੋਰਟ ਮਾਰਸ਼ਲ', 'ਫਾਸਲੇ', 'ਤਰਕਾਲਾਂ', 'ਕੁਦੇਸਣ' ਅਤੇ 'ਲੂਣਾ' ਦਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੰਜ ਰੋਜ਼ਾ ਨਾਟਕ ਮੇਲਾ ਇਕ ਅਹਿਮ ਘਟਨਾ ਹੈ। ਖਾਲਸਾ ਕਾਲਜ ਅੰਮ੍ਰਿਤਸਰ ਦੀਆਂ ਨਾਟਕ ਖੇਤਰ ਵਿਚ ਆਪਣੀਆਂ ਰਿਵਾਇਤਾਂ ਹਨ। ਪ੍ਰੋ. ਗੁਰਦਿਆਲ ਸਿੰਘ ਫੁੱਲ ਹੋਰਾਂ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਖਾਲਸਾ ਕਾਲਜ ਹੀ ਗੁਜ਼ਾਰਿਆ ਸੀ। ਵੱਡੀ ਗਿਣਤੀ ਵਿਚ ਰੰਗਕਰਮੀ ਇਸ ਕਾਲਜ ਦੀ ਦੇਣ ਹਨ। ਕਿਸੇ ਸਮੇਂ ਚੰਗੇ ਤੋਂ ਚੰਗੇ ਨਾਟਕ ਖਾਲਸਾ ਕਾਲਜ ਦੀ ਸਟੇਜ 'ਤੇ ਹੁੰਦੇ ਰਹੇ ਹਨ। ਇਸ ਰਵਾਇਤ ਨੂੰ ਕੇਵਲ ਧਾਲੀਵਾਲ ਨੇ ਹੁਣ ਦੇ ਪ੍ਰਿੰਸੀਪਲ ਸ੍ਰੀ ਹਰਭਜਨ ਸਿੰਘ ਸੋਚ ਦੇ ਸਹਿਯੋਗ ਨਾਲ ਸੁਰਜੀਤ ਕੀਤਾ ਹੈ। ਇਹ ਇਕ ਮੁਬਾਰਕ ਗੱਲ ਹੈ। ਆਪਣੇ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੀ ਨਾਟਕ ਫੇਰੀ ਵਿਚ ਮੈਂ ਇਹ ਗੱਲ ਨੋਟ ਕੀਤੀ ਕਿ ਬਹੁਤ ਸਾਰੇ ਸਕੂਲਾਂ ਅਤੇ ਕਾਲਜਾਂ ਵਿਚ ਖੇਡ ਦੇ ਮੈਦਾਨਾਂ ਵਾਕੁਰ ਥੀਏਟਰ ਆਡੀਟੋਰੀਅਮ ਵੀ ਉਨ੍ਹਾਂ ਸੰਸਥਾਵਾਂ ਦੇ ਜ਼ਰੂਰੀ ਭਾਗ ਹਨ। ਥੀਏਟਰ ਆਪਣੇ ਆਪ ਵਿਚ ਇਕ ਜ਼ਰੂਰੀ ਸਰਗਰਮੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਖਾਲਸਾ ਕਾਲਜ ਵਿਚ ਇਹ ਪੰਜ ਰੋਜ਼ਾ ਨਾਟਕ ਮੇਲਾ ਜਿਸ ਸਫਲਤਾ ਨਾਲ ਹੋਇਆ ਹੈ, ਇਹ ਉਕਤ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ ਜੋ ਵਿਦਿਅਕ ਅਦਾਰਿਆਂ ਦੇ ਸਹਿਯੋਗ ਨਾਲ ਥੀਏਟਰ ਦੇ ਵਿਕਾਸ ਲਈ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ। ਵਿਦਿਅਕ ਸੰਸਥਾਵਾਂ ਥੀਏਟਰ ਦੇ ਵਿਕਾਸ ਲਈ ਭੂਮਿਕਾ ਨਿਭਾ ਸਕਦੀਆਂ ਹਨ, ਇਹ ਪੰਜ ਰੋਜ਼ਾ ਨਾਟਕ ਮੇਲਾ ਇਕ ਮਿਸਾਲ ਹੈ।

**ਜਿਸ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਨਹੀਂ :** ਅਸਗਰ ਵਜ਼ਾਹਤ ਦਾ ਲਿਖਿਆ ਇਹ ਨਾਟਕ, ਨਾਟਕ ਸਾਹਿਤ ਵਿਚ ਇਕ ਕਲਾਸਕੀ ਦਰਜਾ ਰੱਖਦਾ ਹੈ। ਇਹ ਮਜ਼ਹਬੀ ਮੂਲਵਾਦ ਦੇ ਵਿਰੁਧ ਇਕ ਜ਼ਬਰਦਸਤ ਲਿਖਤ ਹੈ। ਨੌਜਵਾਨ ਨਿਰਦੇਸ਼ਕ ਜ਼ੁਲਫਕਾਰ ਨੇ ਇਹ ਨਾਟਕ 12-13 ਫਰਵਰੀ ਨੂੰ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਖਚਾ ਖਚ ਭਰੇ ਹਾਲ ਵਿਚ, ਜਿਸ ਸਫਲਤਾ ਨਾਲ ਖੇਡਿਆ, ਉਹ ਚੰਡੀਗੜ੍ਹ ਵਿਚ ਨਾਟਕ ਸਰਗਰਮੀਆਂ ਵਧਾਉਣ ਲਈ ਬਹੁਤ ਸਹਾਈ ਸਾਬਤ ਹੋਵੇਗਾ।

18-2-1996